ਨੰਬਰ 4160-61 / 12 ਮਿਤੀ 27/12/2017

ਸੇਵਾ ਵਿਖੇ,

ਪ੍ਰਬੰਧਕ ਅਫਸਰ,
ਜਲੰਧਰ ਡਿਵੈਲਪਮੈਂਟ ਅਥਾਰਟੀ,
ਪੁੱਡਾ ਕੰਮਪਲੈਕਸ,ਲਾਡੋਵਾਲੀ ਰੋਡ,
ਜਲੰਧਰ ।

ਵਿਸ਼ਾ: ਪਾਪਰਾ ਐਕਟ, 1995, ਪਾਪਰਾ (ਅਮੈਂਡਮੈਂਟ) ਐਕਟ, 2014 ਤਹਿਤ 2.1852 ਏਕੜ ਰਕਬੇ ਵਿੱਚ "AGI PALACE, ਪਿੰਡ ਫੋਲੜੀਵਾਲ (ਹ:ਬ:ਨੰ:252) ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਂ ਦੀ ਤਜ਼ਵੀਜ਼ਤ ਰਿਹਾਇਸ਼ੀ ਗਰੁੱਪ ਹਾਊਸਿੰਗ ਪ੍ਰੋਜੈਕਟ ਦਾ ਲਾਇਸੈਂਸ ਜਾਰੀ ਕਰਨ ਸਬੰਧੀ ।

ਹਵਾਲਾ: ਆਪ ਜੀ ਦੇ ਦਫਤਰ ਦਾ ਪੱਤਰ ਨੰ:ਸੀਏ-ਜੇਡੀਏ-2017/9602 ਮਿਤੀ 19-12-2017 ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਇਸ ਦਫਤਰ ਅਧੀਨ ਪੈਂਦੇ ਉਪ ਮੰਡਲ ਅਫਸਰ, ਬਿਸਤ ਦੁਆਬ ਉਪ ਮੰਡਲ, ਜਲੰਧਰ ਨੇ ਆਪਣੇ ਪੱਤਰ ਨੰ: 609/1-ਡਬਲਯੂ.(ਈਸਟ ਬੇਈਂ) ਮਿਤੀ 26-12-2017 ਰਾਹੀਂ ਰਿਪੋਰਟ ਕੀਤੀ ਹੈ ਕਿ ਇਸ ਦਫਤਰ ਦੇ ਫੀਲਡ ਸਟਾਫ ਨੂੰ ਉਪਰੋਕਤ ਸਾਈਟ ਦਾ ਮੌਕਾ ਦੇਖਿਆ ਗਿਆ ਅਤੇ ਇਹ ਪਾਇਆ ਗਿਆ ਕਿ ਉਕਤ ਸਾਈਟ ਤੋਂ ਸਿਟੀ ਆਊਟਫਾਲ ਡਰੇਨ ਲਗਭੱਗ 1.5 ਕਿਲੋਮੀਟਰ ਦੂਰ ਹੈ । ਇਤਰਾਜ਼ਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਦਿੱਤਾ ਜਾ ਸਕਦਾ ਹੈ:-

1) ਕਿ ਉਪਰੋਕਤ ਪੈਲੇਸ ਦੀ ਉਸਾਰੀ ਕਰਦੇ ਸਮੇਂ ਟ੍ਰੀਟਡ ਜਾਂ ਅਨ-ਟ੍ਰੀਟਡ ਪਾਣੀ ਡਰੇਨ ਵਿੱਚ ਨਾ ਸੁੱਟਿਆ ਜਾਵੇ ।
2) ਕਿ ਉਪਰੋਕਤ ਪੈਲੇਸ ਦੀ ਉਸਾਰੀ ਕਰਦੇ ਸਮੇਂ ਅਤੇ ਉਸਾਰੀ ਤੋਂ ਬਾਅਦ ਡਰੇਨ ਵਿੱਚ ਚੱਲ ਰਹੇ ਬਰਸਾਤੀ ਪਾਣੀ ਜਾਂ ਪਾਣੀ ਦੇ ਕੁਦਰਤੀ ਵਹਾਅ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਰੁਕਾਵਟ ਪੈਦਾ ਨਾ ਹੋਵੇ ਅਤੇ ਨਾ ਹੀ ਕੁਦਰਤੀ ਵਾਤਾਵਰਣ ਪ੍ਰਭਾਵਿਤ ਹੋਵੇ ।
3) ਕਿ ਉਪਰੋਕਤ ਪੈਲੇਸ ਦਾ ਟ੍ਰੀਟਡ ਪਾਣੀ ਨਾਲ ਲੱਗਦੇ ਜ਼ਿੰਮੀਦਾਰਾਂ ਦੀ ਵਾਹੀਯੋਗ ਜ਼ਮੀਨ ਦੀ ਸਿੰਚਾਈ ਵਾਸਤੇ ਵਰਤਿਆ ਜਾਵੇ ਜਾਂ ਪੈਲੇਸ ਦੇ ਅਧੀਨ ਪੈਂਦੇ ਗਰੀਨ ਬੈਲਟ ਵਿੱਚ ਪਲਾਨਟੇਸ਼ਨ ਵਾਸਤੇ ਵਰਤਿਆ ਜਾਵੇ ।
4) ਕਿ ਉਪਰੋਕਤ ਪੈਲੇਸ ਦੀ ਉਸਾਰੀ ਕਰਦੇ ਸਮੇਂ ਸਰਕਾਰ ਦੀ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ, ਫਸਲ ਹਿਊਮਨ ਲਾਈਫ ਆਦਿ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਉਕਤ ਕੰਪਨੀ ਦੀ ਹੋਵੇਗੀ ।

ਕਾਰਜਕਾਰੀ ਇੰਜੀਨੀਅਰ,
ਜਲੰਧਰ ਜਲ ਨਿਕਾਸ ਮੰਡਲ,
ਜਲੰਧਰ ।

ਸੀ.ਸੀ.:- ਉਪ ਮੰਡਲ ਅਫਸਰ, ਬਿਸਤ ਦੁਆਬ ਉਪ ਮੰਡਲ, ਜਲੰਧਰ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰਬਰ: 609/1-ਡਬਲਯੂ.(ਈਸਟ ਬੇਈਂ) ਮਿਤੀ 26-12-2017 ਦੇ ਸਬੰਧ ਵਿੱਚ ਭੇਜੀ ਜਾਂਦੀ ਹੈ ।

c/s

Divisional Forest Officer,
Jalandhar Forest Division,
Jalandhar.

For AGI Infra Ltd.

Managing Director

Scanned with CamScanner